# ਪੱਕੀ ਨਿਹਚਾ

ਪਤਰਸ ਨੇ ਯਹੂਦੀ ਲੋਕਾਂ ਨੂੰ ਉਪਦੇਸ਼ ਦੇਣ ਤੋਂ ਬਾਅਦ (ਰਸੂਲਾਂ ਦੇ ਕੰਮ 2:14–36), ਉਨ੍ਹਾਂ ਦੇ ਦਿਲਾਂ ਨੂੰ ਛੂਹਿਆ (ਰਸੂਲਾਂ ਦੇ ਕੰਮ 2:37) ਅਤੇ ਉਨ੍ਹਾਂ ਨੂੰ ਦੱਸਿਆ ਕਿ ਬਚਾਏ ਜਾਣ ਲਈ ਕੀ ਕਰਨਾ ਹੈ (ਰਸੂਲਾਂ ਦੇ ਕੰਮ 2:38), ਫਿਰ ਉਸ ਨੇ ਉਨ੍ਹਾਂ ਨੂੰ ਵਚਨ ਨੂੰ ਮੰਨਣ ਦੀ ਉਨ੍ਹਾਂ ਦੇ ਪੱਕੇ ਵਿਸ਼ਵਾਸ ਦੀ ਇੱਛਾ ਦੀ ਲੋੜ ਦੱਸੀ (ਰਸੂਲਾਂ ਦੇ ਕੰਮ 2:40)। ਯਿਸੂ ਦੀ ਇੱਛਾ ਨੂੰ ਮੰਨਣ ਦੀ ਚਾਹ ਕਰਨਾ ਲੋਕਾਂ ਨੂੰ ਮਸੀਹ ਵਿਚ ਲਿਆਉਣ ਦਾ ਇਕ ਅਹਿਮ ਹਿੱਸਾ ਹੈ।

ਪੱਕੇ ਵਿਸ਼ਵਾਸ ਵਿਚ ਆਦਮੀ ਨੂੰ ਆਪਣੇ ਦਿਮਾਗ ਤੋਂ ਖ਼ੁਦਾ ਦੇ ਵਚਨ ਦੇ ਮੁਨਾਸਿਬ ਜਵਾਬ ਦੀ ਲੋੜ ਨੂੰ ਸਮਝਣ ਵਿਚ ਮਦਦ ਕਰਨਾ ਵੀ ਸ਼ਾਮਿਲ ਹੋਣਾ ਚਾਹੀਦਾ ਹੈ। ਇਹ ਆਪਣੀ ਇੱਛਾ ਨੂੰ ਮਨਵਾਉਣ ਲਈ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਨਹੀਂ ਹੋਣੀ ਚਾਹੀਦੀ।

ਸਿਖਾਉਣ ਵਾਲੇ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿੱਖਣ ਵਾਲਾ ਸੱਚਾਈ ਦੀ ਗੱਲ ਮੰਨਣ ਦੀ ਇੱਛਾ ਕਰਨ ਤੋਂ ਪਹਿਲਾਂ ਬਚਾਏ ਜਾਣ ਨਾਲ ਜੁੜੀ ਸੱਚਾਈ ਨੂੰ ਸਮਝਦਾ ਹੈ। ਸਿੱਖਣ ਵਾਲੇ ਨੂੰ ਹੁਕਮ ਮੰਨਣ ਅਤੇ ਨਾ ਮੰਨਣ ਦੇ ਨਤੀਜਿਆਂ ਦਾ ਅਹਿਸਾਸ ਹੋ ਜਾਣਾ ਚਾਹੀਦਾ ਹੈ।

ਸਿੱਖਣ ਵਾਲਾ ਜੇ ਇਨ੍ਹਾਂ ਗੱਲਾਂ ਨੂੰ ਸਮਝ ਜਾਂਦਾ ਹੈ ਤਾਂ ਸਿਖਾਉਣ ਵਾਲੇ ਨੂੰ ਚਾਹੀਦਾ ਹੈ ਕਿ ਝੱਟ ਮੰਨਣ ਦੇ ਮਹੱਤਵ ਵੱਲ ਧਿਆਨ ਦੁਆਏ। ਸਿਖਾਉਣ ਵਾਲਾ ਪੁੱਛ ਸਕਦਾ ਹੈ ਕਿ ਕੀ ਉਸ ਕੋਲ ਇੰਜੀਲ ਦੀ ਗੱਲ ਮੰਨਣ ਲਈ ਇਸ ਨਾਲੋਂ ਢੁਕਵਾਂ ਸਮਾਂ ਹੈ। ਇਸੇ ਵਕਤ ਹੁਕਮ ਮੰਨਣ ਦੇ ਫ਼ਾਇਦੇ ਦੱਸੇ ਜਾ ਸਕਦੇ ਹਨ:

1. ਜੇ ਤੁਸੀਂ ਖ਼ੁਦਾ ਦੇ ਹੁਕਮ ਨੂੰ ਮੰਨਦੇ ਹੋ ਤਾਂ ਉਹ ਤੁਹਾਡੀ ਜ਼ਿੰਦਗੀ ਵਿਚ ਕੰਮ ਕਰੇਗਾ।
2. ਖ਼ੁਦਾ ਆਪਣੀ ਸੰਤਾਨ ਦੇ ਰੂਪ ਵਿਚ ਮਸੀਹੀ ਜ਼ਿੰਦਗੀ ਬਿਤਾਉਣ ਵਿਚ ਤੁਹਾਡੀ ਮਦਦ ਲਈ ਤੁਹਾਡੇ ਤੇ ਆਪਣਾ ਆਤਮਾ ਭੇਜੇਗਾ (ਗਲਾਤੀਆਂ 4:6; ਅਫ਼ਸੀਆਂ 3:16)।
3. ਤੁਸੀਂ ਖ਼ੁਦਾ ਦੇ ਚੰਗੇ ਪਰਿਵਾਰ ਦਾ ਇਕ ਹਿੱਸਾ ਬਣ ਜਾਓ।
4. ਤੁਹਾਡੇ ਨਾਲ ਪਿਆਰ ਕਰਨ ਵਾਲਾ ਕੋਈ ਵੀ ਬੰਦਾ ਇਸ ਗੱਲ ਤੋਂ ਖੁਸ਼ ਹੋਵੇਗਾ ਕਿ ਤੁਸੀਂ ਖ਼ੁਦਾ ਦੀ ਗੱਲ ਮੰਨ ਲਈ ਹੈ। ਖ਼ੁਦਾ ਖੁਸ਼ ਹੋਵੇਗਾ, ਯਿਸੂ ਅਨੰਦਿਤ ਹੋਵੇਗਾ, ਪਵਿੱਤਰ ਆਤਮਾ ਅਨੰਦ ਕਰੇਗਾ। ਫ਼ਰਿਸ਼ਤੇ ਅਨੰਦ ਕਰਨਗੇ, ਮਸੀਹੀ ਲੋਕ ਅਨੰਦਿਤ ਹੋਣਗੇ ਅਤੇ ਤੁਸੀਂ ਆਪ ਵੀ ਅਨੰਦ ਪਾਓਗੇ (ਰਸੂਲਾਂ ਦੇ ਕੰਮ 8:39)।
5. ਤੁਸੀਂ ਪਾਪ ਤੇ ਆਪਣੀ ਚਿੰਤਾ ਬੰਦ ਕਰ ਦਿਓਗੇ ਅਤੇ ਤੁਹਾਨੂੰ ਆਪਣੇ ਪਾਪ ਤੇ ਫ਼ਤਹਿ ਪਾਉਣ ਵਿਚ ਮਦਦ ਮਿਲੇਗੀ।
6. ਸਾਥੀ ਮਸੀਹੀ ਲੋਕ ਇਕ ਮਸੀਹੀ ਦੇ ਤੌਰ ਤੇ ਹੋਰ ਮਸੀਹੀ ਜ਼ਿੰਦਗੀ ਬਿਤਾਉਣ ਵਿਚ ਤੁਹਾਡੀ ਮਦਦ ਕਰਨਗੇ, ਤੁਸੀਂ ਵੀ ਆਪਣੀ ਜ਼ਿੰਦਗੀ ਅਤੇ ਸਿੱਖਿਆ ਨਾਲ ਦੂਜਿਆਂ ਦੀ ਮਦਦ ਕਰ ਸਕੋਗੇ।
7. ਜ਼ਿੰਦਗੀ ਦਾ ਕੋਈ ਪਤਾ ਨਹੀਂ ਕਿ ਤੁਹਾਡੇ ਪ੍ਰਾਣ ਕਦੋਂ ਨਿਕਲ ਜਾਣ। ਤੁਹਾਡੇ ਕੋਲ ਸਿਰਫ਼ ਇਹੋ ਸਮਾਂ ਹੈ ਜਿਸ ਵਿਚ ਤੁਸੀਂ ਨਿਸਚਿੰਤ ਹੋ ਕੇ ਫ਼ੈਸਲਾ ਲੈ ਸਕਦੇ ਹੋ।

8. ਹੁਕਮ ਮੰਨਣ ਦੇ ਇਨਾਮ ਦਾ ਅਨੰਦ ਪਾਉਣ ਦੇ ਲਈ ਅਨਾਦੀਕਾਲ ਇਕ ਲੰਮਾ ਸਮਾਂ ਹੈ, ਪਰ ਸਜ਼ਾ ਦਾ ਸਮਾਂ ਵੀ ਓਨਾ ਹੀ ਲੰਮਾ ਹੈ।

9. ਯਿਸੂ ਦੁਬਾਰਾ ਕਿਸੇ ਵੀ ਸਮੇਂ ਆ ਸਕਦਾ ਹੈ। ਸਾਨੂੰ ਹਰ ਸਮੇਂ ਉਸ ਦੇ ਆਉਣ ਲਈ ਤਿਆਰ ਰਹਿਣਾ ਚਾਹੀਦਾ ਹੈ (ਮੱਤੀ 24:42–46)।

10. ਹੁਕਮ ਮੰਨਣ ਦੀ ਉਡੀਕ ਕਰਕੇ ਕੁਝ ਵੀ ਨਹੀਂ ਪਾਇਆ ਜਾ ਸਕਦਾ, ਇਸ ਦੀ ਉਡੀਕ ਕਰਕੇ ਅਸੀਂ ਸਭ ਕੁਝ ਗੁਆ ਸਕਦੇ ਹਾਂ।

11. ਤੁਹਾਨੂੰ ਅੰਦਰੂਨੀ ਸ਼ਾਂਤੀ ਮਿਲੇਗੀ ਜਿਸ ਨੂੰ ਜਗਤ ਤੁਹਾਥੋਂ ਖੋਹ ਨਹੀਂ ਸਕਦਾ।

12. ਤੁਸੀਂ ਨਿੱਜੀ ਤੌਰ ਤੇ ਖ਼ੁਦਾ ਦੇ ਨਾਲ ਉਸ ਦੇ ਨੇੜੇ ਹੋ ਕੇ ਚੱਲ ਸਕਦੇ ਹੋ।

ਜੇ ਸਿੱਖਣ ਵਾਲਾ ਉਸ ਨੂੰ ਮਿਲਣ ਵਾਲੇ ਇਨ੍ਹਾਂ ਬਾਰਾਂ ਫ਼ਾਇਦਿਆਂ ਤੇ ਕੋਈ ਹੁੰਗਾਰਾ ਨਹੀਂ ਭਰਦਾ, ਤਾਂ ਉਸ ਨੂੰ ਪੁੱਛੋ ਕਿ ਉਹ ਦੇਰ ਕਿਉਂ ਲਾ ਰਿਹਾ ਹੈ। ਸਿਖਾਉਣ ਵਾਲਾ ਪੁੱਛ ਸਕਦਾ ਹੈ ਕਿ ਕੀ ਉਸ ਦੇ ਮਨ ਵਿਚ ਇੰਜੀਲ ਦੀ ਗੱਲ ਮੰਨਣ ਦੇ ਮੌਜੂਦਾ ਸਮੇਂ ਨਾਲੋਂ ਬੇਹਤਰ ਸਮਾਂ ਹੈ। ਉਸ ਦੀ ਕਿਸੇ ਵੀ ਮੁਸ਼ਕਿਲ ਦਾ ਜਵਾਬ ਬੜੇ ਹੀ ਧੀਰਜ ਨਾਲ ਦਿਓ। ਜੇ ਉਹ ਥੋੜ੍ਹੀ ਉਡੀਕ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ ਪੁੱਛੋ ਕਿ ਹੁਕਮ ਮੰਨਣ ਲਈ ਉਸ ਨੂੰ ਕਿਹੜਾ ਵਕਤ ਸਹੀ ਲੱਗਦਾ ਹੈ। ਉਸ ਨੂੰ ਦੱਸੋ ਕਿ ਤੁਸੀਂ ਚਾਹੁੰਦੇ ਹੋ ਕਿ ਉਹ ਇੰਜੀਲ ਨੂੰ ਮੰਨਣ ਲਈ ਇਸ ਦਾ ਹੁਕਮ ਮੰਨ ਲਵੇ ਕਿਉਂਕਿ ਉਹ ਆਪਣੀ ਇੱਛਾ ਨੂੰ ਨਹੀਂ ਮੰਨ ਰਿਹਾ ਹੈ ਬਲਕਿ ਸਾਡੇ ਕਿਰਪਾਲੂ, ਦਿਆਲੂ, ਕਿਰਪਾਲੂ ਖ਼ੁਦਾ ਦੇ ਪਿਆਰ ਨੂੰ ਪਾਉਣਾ ਚਾਹੁੰਦਾ ਹੈ।

ਉਸ ਤੋਂ ਪੁੱਛੋ ਕਿ ਜੇ ਤੁਸੀਂ ਅਤੇ ਕੋਈ ਹੋਰ ਉਸ ਨੂੰ ਦੁਆਵਾਂ ਵਿਚ ਯਾਦ ਰੱਖੇ ਤਾਂ ਉਸ ਨੂੰ ਕੋਈ ਮੁਸ਼ਕਿਲ ਤਾਂ ਨਹੀਂ ਹੋਵੇਗੀ। ਉਸ ਨੂੰ ਦੱਸੋ ਕਿ ਤੁਸੀਂ ਉਸ ਨੂੰ ਪਿਆਰ ਕਰਦੇ ਹੋ ਅਤੇ ਇਹ ਪੱਕਾ ਕਰਨਾ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਸੁਰਗ ਵਿਚ ਖ਼ੁਦਾ ਦੇ ਨਾਲ ਅਨਾਦੀਕਾਲ ਤਕ ਰਹੇ। ਜੇ ਉਹ ਅਜੇ ਵੀ ਇੰਜੀਲ ਨੂੰ ਮੰਨਣ ਤੋਂ ਪਹਿਲਾਂ ਥੋੜ੍ਹੀ ਉਡੀਕ ਕਰਨਾ ਚਾਹੁੰਦਾ ਹੈ ਤਾਂ ਉਸ ਅਧਿਐਨ ਦੇ ਲਈ ਉਸ ਦੇ ਨਾਲ ਸਮਾਂ ਠਹਿਰਾਓ।

---

## ਕਿਸੇ ਹੋਰ ਦੇ ਸੁਫ਼ਨੇ ਲਈ ਕੀਤੀ ਗਈ ਕੁਰਬਾਨੀ

ਅਲਬ੍ਰੇਟ ਡਿਊਰਰ ਨੇ ਪੇਂਟਰ ਬਣਨ ਦਾ ਸੁਫ਼ਨਾ ਦੇਖਿਆ। ਉਸ ਕੋਲ ਕੋਈ ਦੌਲਤ ਨਹੀਂ ਸੀ। ਨਿਊਰਮਬਰਗ, ਜਰਮਨੀ ਵਿਚ ਜਾ ਕੇ ਉਹ ਇਕ ਬਜ਼ੁਰਗ ਆਦਮੀ ਦੇ ਨਾਲ ਰਹਿਣ ਲੱਗਾ, ਜੋ ਆਪ ਵੀ ਗ਼ਰੀਬ ਸੀ। ਇਹ ਫ਼ੈਸਲਾ ਲਿਆ ਗਿਆ ਕਿ ਉਨ੍ਹਾਂ ਵਿੱਚੋਂ ਇਕ ਜਣਾ ਕੰਮ ਕਰੇਗਾ ਅਤੇ ਦੂਜਾ ਪੜ੍ਹੇਗਾ। ਬਜ਼ੁਰਗ ਆਦਮੀ ਨੇ ਜ਼ਿਦ ਕੀਤੀ ਕਿ ਡਿਊਰਰ ਸਕੂਲ ਜਾਵੇਗਾ ਅਤੇ ਉਹ ਸਖ਼ਤ ਮਿਹਨਤ ਕਰੇਗਾ। ਬਾਅਦ ਵਿਚ ਬਜ਼ੁਰਗ ਆਦਮੀ ਨੇ ਵੇਖਿਆ ਕਿ ਮਿਹਨਤ ਐਨੀ ਔਖੀ ਸੀ ਕਿ ਉਸ ਦੇ ਹੱਥ ਖੁਰਦਰੇ ਹੋ ਗਏ ਹਨ ਅਤੇ ਉਹ ਪੇਂਟ ਨਹੀਂ ਕਰ ਸਕਦਾ। ਇਹ ਸਭ ਵੇਖ ਕੇ ਡਿਊਰਰ ਨੂੰ ਬੜਾ ਦੁਖ ਹੋਇਆ। ਇਕ ਦਿਨ ਉਹ ਕਮਰੇ ਵਿਚ ਗਿਆ ਤਾਂ ਉਸ ਨੇ ਵੇਖਿਆ ਕਿ ਉਸ ਦਾ ਉਹ ਦੋਸਤ ਦੁਆ ਦੀ ਹਾਲਤ ਵਿਚ ਆਪਣੇ ਹੱਥ ਜੋੜ ਕੇ ਬੈਠਾ ਹੈ। ਉਸ ਨੇ ਉਨ੍ਹਾਂ ਜੁੜੇ ਹੋਏ ਹੱਥਾਂ ਦੀ ਪੇਂਟਿੰਗ ਬਣਾ ਦਿੱਤੀ। ਅੱਜ ਵੀ ਉਹ ਹੱਥ ਨਿਰਸੁਆਰਥ ਸੇਵਾ ਅਤੇ ਚੰਗੇ ਚਰਿੱਤਰ ਦਾ ਪ੍ਰਤੀਕ ਹਨ।